ਪੰਜਾਬੀ ਜਾਗਰਣ ਜਲੰਧਰ 25 ਜਨਵਰੀ 2019

# ਬਿਮਾਰੀਆਂ ਤੋਂ ਬਚਾਅ ਲਈ ਅਦਰਕ ਵਰਤੋਂ

ਇੰਦਰਜੀਤ ਸਿੰਘ ਖੇੜੀ, ਬੇਲਾ

ਉੱਨਤ ਭਾਰਤ ਅਭਿਆਨ ਦੇ ਅਧੀਨ ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵੱਲੋਂ ਬੇਲਾ ਇਲਾਕੇ ਦੇ 07 ਪਿੰਡ ਬਲਰਾਮਪੁਰ, ਬੇਲਾ, ਜਟਾਣਾ, ਭੈਰੋਮਾਜਰਾ, ਫਿਰੋਜ਼ਪੁਰ, ਵਜੀਦਪੁਰ ਅਤੇ ਮਨਜੀਤਪੁਰ ਅਪਣਾਏ ਗਏ ਹਨ। ਕਾਲਜ ਦੇ ਪ੍ਰਿੰਸੀਪਲ ਗੁਰਮੁੱਖ ਸਿੰਘ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਇਨ੍ਹਾਂ ਪਿੰਡਾਂ 'ਚ ਕਾਲਜ ਦੇ ਵੱਖ-ਵੱਖ ਅਧਿਆਪਕਾਂ ਵੱਲੋਂ ਦੇਸੀ ਨੁਸਖਿਆਂ ਨਾਲ ਲੋਕਾਂ ਨੂੰ ਸਿਹਤ-ਸੰਭਾਲ ਲਈ ਦੇਸੀ ਨੁਸਖਿਆਂ ਦੀ ਮਹੱਤਤਾ, ਤਿਆਰ ਕਰਨ ਦੇ ਢੰਗ ਅਤੇ ਵਰਤੋਂ ਦੇ ਤਰੀਕਿਆਂ ਬਾਰੇ ਦੱਸਿਆ ਗਿਆ। ਡਾ. ਗੁਰਿੰਦਰ ਸਿੰਘ ਨੇ ਦੱਸਿਆ ਕਿ ਕਿਵੇਂ ਘੀਕੁਆਰ ਅਤੇ ਅਦਰਕ ਨੂੰ ਦੇਸੀ ਨੁਸਖਿਆਂ 'ਚ ਬਦਲ ਕੇ ਵੱਖ-ਵੱਖ ਬਿਮਾਰੀਆਂ ਲਈ ਵਰਤਿਆ ਜਾ ਸਕਦਾ ਹੈ ਅਤੇ ਨਾਲ ਹੀ ਇਨ੍ਹਾਂ ਨੂੰ ਪੇਂਡੂ ਇਸਤਰੀਆਂ ਆਪਣੀ ਆਮਦਨ ਦਾ ਸਾਧਨ ਬਣਾ ਸਕਦੀਆਂ ਹਨ। ਪ੍ਰੋ.ਮਮਤਾ ਅਰੋੜਾ, ਡਾ.ਸਤਵੰਤ ਕੌਰ ਸ਼ਾਹੀ ਨੇ ਔਰਤਾਂ ਨੂੰ ਇਹ ਜਾਣਕਾਰੀ ਦਿੱਤੀ ਕਿ ਕਿਵੇਂ ਪੇਂਡੂ ਇਸਤਰੀਆਂ ਆਪਣੇ ਛੋਟੇ-ਛੋਟੇ ਗਰੁੱਪ ਬਣਾ ਕੇ ਆਪਣੀ ਆਮਦਨ 'ਚ ਵਾਧਾ ਕਰ ਸਕਦੀਆਂ ਹਨ। ਪ੍ਰਿੰਸੀਪਲ ਸਾਹਿਬ ਨੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਮੈਨੇਜਰ ਸ. ਸੁਖਵਿੰਦਰ ਸਿੰਘ ਵਿਸਕੀ, ਸਕੱਤਰ ਜਗਵਿੰਦਰ ਸਿੰਘ ਅਤੇ ਸਮੂਹ ਪ੍ਰਬੰਧਕ ਕਮੇਟੀ ਦਾ ਇਸ ਯੋਜਨਾ ਨੂੰ ਸ਼ੁਰੂ ਕਰਨ ਲਈ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਰੇ ਪਿੰਡ ਦੀਆਂ ਪੰਚਾਇਤਾਂ ਦੇ ਮੈਂਬਰ ਸਾਹਿਬਾਨ ਤੇ ਵੱਡੀ ਗਿਣਤੀ 'ਚ ਇਸਤਰੀਆਂ ਮੌਜੂਦ ਸਨ, ਸਾਰਿਆਂ ਵੱਲੋਂ ਕਾਲਜ ਦੇ ਇਸ ਉਪਰਾਲੇ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ।



ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵੱਲੋਂ ਅਪਣਾਏ ਪਿੰਡ ਵਜੀਦਪੁਰ ਵਿਖੇ ਕਾਲਜ ਪ੍ਰਬੰਧਕ।